ਅਥ

ਅੰਗ੍ਰੇਜੀ ਰਾਜ ਮਹਿਮਾ

ਲਿਖਤ

ਸ਼੍ਰੀ ਗਹਿਰਗੰਭੀਰ ਮਤਕੇ ਸ੍ਵਾਮੀ
ਸ਼੍ਰੀ ਸ੍ਵਾਮੀ ਬਿਸ਼ਨੁਦਾਸ ਯਤੀ ਰੋਪੜ
ਸ਼ਹਿਰ ਨਿਵਾਸੀ

ਜਿਸਕੋ

ਅਪਨੇ "ਸ਼੍ਰੀ ਗਹਿਰਗੰਭੀਰ ਪ੍ਰੇਸ"
ਰੋਪੜਮੇਂ ਛਾਪਕਰ ਪ੍ਰਕਾਸ਼ਤਕੀਆ।
ਅਵਸ਼ ਪੜ੍ਹਕਰ ਲਾਭ ਉਠਾਓ।

ਤਾਰੀਖ ੨੧ ਜਨਵਰੀ ਸਨ ੧੯੧੮

THE

English Raj Mahiman

BY

SWAMI BISHNU DASS YATI

SHRI GAHIRGAMBHIR PRESS

RUPAR.

ਪਹਿਲੀ ਵਾਰ ੫੦੦ ਕੀਮਤ -)

੧ੴ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਸਹਾਇ।

ਅਥ

ਅੰਗ੍ਰੇਜ਼ੀ ਰਾਜ ਮਹਿਮਾ।

ਲਿਖ਼ਤ

ਸ੍ਰੀ ਗਹਿਰ ਗੰਭੀਰ ਮਤਕੇ ਸ੍ਵਾਮੀ ਸ੍ਰੀ ਸ੍ਵਾਮੀ ਬਿਸ਼ਨੁਦਾਸ ਯਤੀਜੀ ਰੋਪੜ ਸਹਿਰ ਨਿਵਾਸੀ

ਦੋਹਰਾ।

ਸਤਿਗੁਰੁ ਗਹਿਰਗੰਭੀਰਕਾ ਧਾਰ ਪ੍ਰਥਮ ਉਰ ਧਿਆਨ। ਮਹਿਮਾਂ ਰਾਜ ਅੰਗ੍ਰੇਜਕੀ ਕਥੋਂ ਸੁਨੋ ਦੇਕਾਂਨ ॥ ੧ ॥ ਰਾਵ ਰੰਕਕੋ ਏਕ ਸਮ ਹੈ ਸੁਖ ਦੇਵਨ ਹਾਰ। ਪੱਖਪਾਤ ਕੋ ਤਯਾਗ ਕਰ ਭਲਾ ਚਹਿਤ ਸੰਸਾਰ ॥ ੨ ॥ ਕਬਿਤ ॥

ਰਾਜ ਅੰਗੇਜੀ ਆਯੋ ਜਬਸੇ ਪੰਜਾਬ ਮਾਹ ਤਬ ਸੇਹੀ ਸੁਖ ਸਾਂਤਿ ਅਮਨੌ ਅਮਾਨਹੈ। ਦੇਖੋ ਤਵਾ ਰੀਖੋਂ ਇਤਹਾਸੋਂਕੋ ਬਿਚਾਰ ਕਰ ਸਯਾਨਿਓ ਸੇ ਬੂਝੇ ਜੈਸੇ ਬੀਤਿਓ ਜਹਾਂਨਹੈ। ਚਾਰੋ ਯੁਗ ਮਾਂਹ ਸੁਖ ਰਈਅਤਕੋ ਰੰਚਨਥਾ ਕਸ਼ਟ ਥੇ ਅਪਾਰ ਸੋਈ ਜਾਹਿਰ ਜਹਾਂਨਹੈ। ਸਤਿ ਯੁਗ ਮਾਂਹ ਨਿਜ ਪੂਤਰ ਪ੍ਰਹਲਾਦਹੂੰਕੋ ਦਿਆਕੋ ਤਿਆਗ ਕਰ ਦੁਖਦਾ ਮਹਾਂਨਹੈ। ਤ੍ਰੇਤੇਮਾਂਹ ਰਾਜਾ ਭਿਓ

ਰਾਵਨ ਬਲੀ ਅਪਾਰ ਦੁਖ ਦੀਨੋਂ ਘਨੋ ਤਾਂਹਿ
ਬੀਚ ਹਿੰਦੋਸਥਾਂਨਹੈ ॥ ੩ ॥ ਰਾਜਾ ਦਸਰਥਭਾ
ਅਧੀਨ ਨਿਜ ਔਰਤਕੇ ਪੂਤ੍ਰ ਪਠਾਏ ਬਨ
ਪ੍ਰਾਂਨ ਨਿਜ ਗਵਾਏਹੈਂ। ਜਾਇ ਬਨ ਰਾਮਚੰਦ੍ਰ
ਸੂਪਨਖਾ ਕਾਟਿਓ ਨਾਕ ਤਾਫਲ ਭ੍ਰਾਤ ਤੀਆ
ਘਨੋ ਕਸ਼ਟ ਪਾਏਹੈਂ। ਦ੍ਰਾਪੁਰ ਦ੍ਰਯੋਧਨਕੋ ਦ੍ਰੋ-
ਪਤੀਨੇ ਹਾਂਸੀ ਕੀਨ ਤਾਂ ਹਿਤ ਨੱਗਨ ਹੇਤ ਜ-
ਤਨ ਬਨਾਏਹੈਂ। ਮਾਰ ਦ੍ਰਯੋਧਨਾਦਿ ਪਾਂਡਵ
ਹਿਵਾਲੇ ਗਲੇ ਕੌਨਕੋ ਬਖਾਨੇ ਠੀਕ ਸਮਝਮੇਂ
ਨ ਆਏਹੈਂ ॥ ੪ ॥ ਦੋਹਰਾ ॥ ਕਲਯੁਗਮੇਰਾਜੇ
ਭਏ ਅਨਿਕ ਗਿਨੇ ਨਹਿ ਜਾਂਇ। ਪ੍ਰਜਾ ਕੋ ਨ
ਸੁਖਕਿਨਦਿਓ ਬਿਸਨਦਾਸ ਬਤਲਾਹਿ ॥ ੫ ॥
ਕਬਿਤ ॥ ਮੋਮਨੋਕੇ ਰਾਜ ਮਾਂਹਿ ਪ੍ਰਜਾ ਬਹੁਸਹਾ
ਰੇ ਕਸ਼ਟ ਕਾਜੀਓਂ ਕੇ ਹਾਥ ਨਿਆਬ ਨੀਤਕੋ
ਬਿਗਾਰੇਹੈ। ਖਾਲਸੇਕਾ ਰਾਜਭਾ ਲਾਹੌਰ ਮਾਂਹਿ
ਥੋਰੇ ਦਿਨ ਦੂਖਦਾ ਅਪਾਰ ਹਾ! ਹਾ! ਕਾਰ ਸਭ
ਪੁਕਾਰੇਹੈ। ਖਾਲਸੇਕੇਪੱਖੀ ਥੇਜੋ ਸਿੰਘ ਸਰਦਾਰ
ਸੋਭੀ ਰਈਅਤ ਕੋ ਦੇਤ ਦੁਖ ਨੀਤਨਾ ਬਿਚਾਰੇ
ਹੈ। ਮਸਜਦੋਂ ਕੋ ਤੋੜ ਫੋੜ ਮਸਤਗੜ੍ਹ ਧਰੇਹੈਂ
ਨਾਮ ਪੱਖਪਾਤ ਪੰਥ ਨਿਜ ਜਕੜੇ ਅਪਾਰੇਹੈਂ।

੬ ॥ ਕਹੀਂ ਕਹੀ ਤਿਨੋਂਕੇ ਸਮਾਨ ਨਜਰਾਵਤੇ
ਹੈਂ ਬ੍ਰਿਟਸ ਸਰਕਾਰਭੀ ਜੋਦੇਖੇ ਧਯਾਂਨ ਲਾਯਕੇ
ਹੋਇਨਾ ਸਰਕਾਰਕੋ ਹੈਰਾਂਨਗੀ ਭੀ ਜ਼ਰਾ ਭਰ
ਧਨਕੋਖਰਚਨਾਂਹਿ ਦੁਖਜਾਯ ਬਿਹਾਯਕੇ। ਰਾਜ
ਬਿਰੁੱਧ ਕੇਤਕ ਦੀਖਤ ਰਾਜਭਗਤ ਬਨੇ ਜੈਸੇ
ਬਿਖ ਭਰਾ ਘਟ ਘ੍ਰਿਤ ਮੁਖ ਦਿਖਾਇਕੇ। ਐਸੇ
ਓਂਕੋ ਆਇ ਜੇ ਸੁਮਤੀ ਹੋਯ ਸੁਖ ਘਨੇ ਬਿਸਨ
ਦਾਸ ਬਿਨਤ ਕਰੂੰ ਧਯਾਂਨ ਗੁਰੂ ਲਗਾਇਕੇ ॥
੭ ॥ ਦੋਹਰਾ ॥ ਪੱਖਪਾਤਕੀ ਬਾਰਤਾ ਮੈਂਖੁਦ
ਦੇਖੀ ਨੈਨ। ਜੋ ਸਿੰਘੋਨੇ ਹੈਕਰੀ ਧਰਮ ਬਿਰੁੱਧ
ਦੁਖ ਦੈਨ ॥ ੮ ॥ ਨਾਸਤਕ ਭੀ ਸੁਖ ਪਾਵਤੇ
ਰਾਜ ਅੰਗ੍ਰੇਜ਼ੀ ਮਾਂਹਿ। ਕਾਹੂਕੋ ਨਹਿ ਰੰਚ ਦੁਖ
ਬਿਸਨਦਾਸ ਬਤਲਾਹਿ ॥ ੯ ॥ ਕਬਿਤ ॥
ਰਾਜ ਅੰਗ੍ਰੇਜ਼ੀ ਆਯੋ ਤਬਸੇਹੀ ਸੁਖ ਪਾਯੋ ਸੁਧ
ਆਈ ਸਰਬਹੂੰਕੋ ਖਾਂਨਪਹਿਰਾਂਨਕੀ। ਕਟਨ
ਤਲਾਂਗੀਆਂਬੀ ਲਾਂਗ ਆਗੇ ਪੀਛੇ ਦਿਖੇ ਕੋਟ-
ਪਤਲੂਨ ਕੀ ਨ ਬਾਤ ਕਾਹੂ ਕਾਂਨਕੀ। ਆਜ
ਬਨੇਜੇਂਟਲਮੈਨ ਕ੍ਰਿਪਾ ਅੰਗ੍ਰੇਜਹੂੰਕੀ ਸੁਧਆਬੀ
ਸਭਬ ਹੂੰਕੇ ਧਰਮ ਇਮਾਨਕੀ। ਬਿਦਯਾ ਅਧੇ
ਨਕੋ ਬਿਦਯਾਲੇਰਤੰ ਅਨੇਕਜਾਇ ਰੇਲਕੀ ਸ੍ਵਾਰੀ

ਸੁਖ ਦਾਯਕ ਜਹਾਂਨਕੀ ॥ ੧੦ ॥ ਕਬਿਤ ॥
ਯੂਰਪਮੇ ਜੈਸੋ ਰਾਜ ਬ੍ਰਿਟਸ਼ ਬਹਾਦਰਕੋ ਐਸੋ
ਔਰ ਨਾਂਹਿ ਤੁਮ ਦੇਖੋ ਧਯਾਂਨ ਲਾਇਕੇ। ਦੀਨ
ਔ ਗ੍ਰੀਬਨਕੀ ਸਦਾਸੇ ਸਹਾਇ ਕਰੇ ਹਰੇ ਦੁਖ
ਰਈਯਤਕੇ ਕਸ਼ਟ ਨਿਜ ਉਠਾਇਕੇ। ਸਹਿਨ
ਸ਼ਾਹਮੁਅੱਜ਼ਮ ਜਾਰਜਪੰਚਮ ਮਹਾਂਬਲੀ ਤਾਂਕੀ
ਹਮ ਰਿਆਯਾ ਸੁਖ ਪਾਯਾਹੈ ਅਘਾਇਕੇ। ਭਾਖ
ਤੇ ਬਿਸਨਦਾਸ ਦਾਸਨਕੋ ਕਾਂਮ ਸਦਾ ਸੇਵਾਨਿਜ
ਸਾਹਿਬਕੀ ਕਰੇਂ ਹਿਤ ਬਢਾਇਕੇ। ੧੧ ॥
ਕ੍ਰਿਸਨ ਭਗਵਾਂਨ ਨਿਜ ਗੀਤਾਮੇ ਅਧਿਯਾਯ
ਦਸਮ ਸੈਂਤੀਸ ਸਲੋਕ ਮਾਂਹਿ ਯਾਬਿਧ ਬਖਾਨ
ਤੇ। ਨਰੋਂਮੇ ਨਰਾਧਪਕੋ ਜਾਣਲੋ ਸਰੂਪ ਮੇਰਾ
ਸਹਿਨਸ਼ਾਹ ਮੁਅੱਜ਼ਮ ਸੋ ਕਿਉਨ ਉਰ ਪਹਚਾਨ
ਤੇ। ਸ੍ਰੀਗੁਰੂਗ੍ਰੰਥਸਾਹਿਬ ਆਸਾਵਾਰ ਭਾਖਤੇਹੈਂ
ਜਿਸਕਾ ਦਿਤਾ ਖਾਮਣਾ ਸਾਬਾਸ ਤਾਹਿ ਠਾਂਨਤੇ
ਸੋਈ ਅੰਗ੍ਰੇਜ਼ੀ ਰਾਜ ਖਾਣੇਕੋ ਦੇਵਤ ਹਮੇ ਸੁਖਸੇ
ਸੋਵਤ ਸਭੀ ਅਚਿੰਤ ਧਨ ਪ੍ਰਾਨਤੇ ॥ ੧੨ ॥
ਪ੍ਰਮਾਣ ਗੀਤਾ। ਉਚੈ ਸਵਾ ਸਮਸ੍ਵਾਂਨਾ ਬਿਧਮਾ
ਮ੍ਰਿਤੋਦ੍ਰਭਵੰ। ਐਰਾਵਤੰ ਗਜੇਂਦ੍ਰਾਨਾਂ ਨਰਾਣਾਂਚ
ਨਰਾਧਿਪਮ ॥ ੧ ॥ ਗੁਰੁਵਾਕ ॥ ਜਿਸਦਾ ਦਿਤਾ

ਖਾਵਣਾ ਤਿਸਕਹੀਐ ਸਾਬਾਸ । ਨਾਨਕ ਹੁਕਮ ਨਚਲਈ ਨਾਲ ਖਸਮ ਚਲੈ ਅਰਦਾਸ ॥ ੨॥ ਕਬਿਤ । ਐਸੋ ਹਿਤਕਾਰੀ ਪ੍ਰੋਪਕਾਰੀ ਰਾਜ ਬ੍ਰਿ- ਟਸ਼ਕੋ ਕੈਸਰ ਜਰਮਨੀਨੇ ਨਾਹਕ ਯੁਧ ਛੇੜਿਓ ਹੈ । ਜੈਸੇ ਸ੍ਵਾਨ ਬਾਢੂ ਆਇ ਬਾਢਵੇਕੋ ਮਾਨਸ ਕੋ ਲਸਟਕਾ ਲੇਤਾਂਕੋ ਤੇ ਅਵਸ਼ਜ ਚਹੀਏ ਰੋਕਿਓਹੈ । ਜੇਕਰ ਕੂਕਰ ਹਲਕਾਇ ਜਾਇ ਕਾਟੇ ਘਨੋ ਸੋਈ ਅਹਿਵਾਲ ਜਗ ਕੈਸਰਕੋ ਹੋ ਰਿਓਹੈ । ਸਭੀ ਉਪਚਾਰ ਕਰੋ ਹਰੋ ਮਦ ਕੈਸਰ ਕੋ ਸੇਵਾ ਬਰਤਾਂਨੀਆਂਮੈ ਚਹੀਏ ਮਨ ਪ੍ਰੇਰਿਓ ਹੈ । ੧੩ ॥ ਸੁਨੋ ਸਰਦਾਰੋ ਜੈਲਦਾਰੋ ਔ ਨੰਬ੍ਰ ਦਾਰੋ ਔ ਜਾਗੀਰਦਾਰੋ ਰਾਜੇ ਰਈਸੋ! ਅਰਜੋਈ ਕੋ । ਬ੍ਰਿਸਟਰ ਵਕੀਲੋ ਅਹਿਲਕਾਰੋ ਮੁਖਤਜ਼ਾ ਰੋ ਸੁਨੋ ਔ ਤਹਿਸੀਲਦਾਰੋ ਥਾਨੇਦਾਰੋ ਥਾਤਹੋ- ਈਕੋ । ਔਰ ਹੁਦੇਦਾਰੋ ਛੋਟੇ ਬਡੇ ਔਜਹਾਂਨ ਜੇ ਤੇ ਸੰਤੋ ਔਰ ਮਹੰਤੋ ਸਭੀ ਤਿਆਗੋ ਅਲਸੋਈ ਕੋ । ਜਿਤਨੀ ਤੌਫੀਕ ਦੋ ਸਹਾਇ ਯੁਧ ਯੂਰਪ ਮੈਂ ਲੀਜੀਏ ਬਨਾਇ ਬਿਸ਼ਨਦਾਸ ਬਾਤ ਖੋਈ ਕੋ ॥ ੧੪ ॥ ਮੌਕੇ ਇਸ ਮਾਂਗ ਰੰਗਰੂਟੋਂਕੀ ਅਧਕ ਆਹਿ ਦੇਖ ਦਲ ਬਰਤਾਂਨੀਆਂਕੋ ਜ਼ੋਰ

ਮਨੀ ਪਲਾਇਹੋ। ਤੋਪੈਂ ਬਬ ਛੂਟੈ ਤੇ ਘਮੰਛ
ਤੂਟੈ ਜਰਮਨੀਕੋ ਆਇਜਾਇ ਸਾਮ੍ਹੇ ਤੋਘਨੀ
ਮਾਰ ਖਾਇਗੋ। ਜੀਤਹੋਇ ਹਮਰੇ ਸਹਿਨਸ਼ਾਹ
ਜਾਰਜਪੰਚਮਕੀ ਕੈਸਰ ਤੁਮਾਰੇ ਦੇਖਤੇਹੀ ਹਾਰ
ਜਾਇਗੋ। ਚਾਹਤਪਰੀਖਾ ਸਰਕਾਰ ਨਿਜਰਈ
ਯਤਕੀ ਜੋਨਸੇਵਾਕਰੇ ਸੋਈਘਨੋ ਪਛਤਾਇਗੋ।
੧੫ ॥ ਅਰੇ ਨੌਜੁਆਨੋ ਆਓ ਨੌਕਰ ਸਰਕਾਰੀ
ਬਨੋ ਸਾਰੀਉਮਰ ਬੈਠਕੇ ਅਰਾਮਜੋਹੈ ਪਾਵਣਾ
ਜੌਲੌ ਕਰੋ ਨੌਕਰੀ ਬਰਾਬਰ ਤਨਖੁਆਹਮਿਲੇ
ਹਕ ਪੂਰਾ ਕਰੇ ਬੈਠ ਪਿਲਸਣਹੀ ਖਾਮਣਾ।
ਜੇਕਰ ਘਰੋਹੀ ਰਹੋ ਮਰੋ ਧਾਂਮ ਬੈਲ ਸਮ ਬੂਢੇ
ਭਏ ਪੂਤ ਨਾਤੀ ਠੀਠੂਹੀ ਦਖਾਮਣਾ। ਧਾਮ ਔ
ਜਮੀਨ, ਧਨ ਬਾਂਟ ਲੇਨਾ ਪੁਤ੍ਰੋਨੇ ਸੀਰੇ ਸ੍ਵਾਸ
ਲੈਲੈ ਤੁਮੇਂਪੜੇ ਪਛਤਾਮਣਾਂ ॥ ੧੬ ॥ ਪਿਲ
ਸਣਕੇ ਆਇਜੋ ਰੁਪਏ ਬੂਢੇ ਮਾਂ ਪਿਤਾਪੈ ਪੂਤ
ਪੋਤੇ ਕਰੈਂਸੇਵਾ ਅਤੀ ਹਿਤ ਲਾਇਕੇ। ਨਿਧਨ
ਕੀ ਬਾਤ ਭੀਨਾ ਪੂਛੇਕੋ ਜਹਾਂਨ ਮਾਝ ਤਾਂਤੇਕਰੋ
ਨੌਕਰੀਹੀ ਹੀਏ ਹਰਖਾਇਕੇ। ਧਾਂਮ ਜੇਬਿਮਾਰ
ਹੋਮੇ ਬਡੋ ਦੁਖ ਪਾਇ ਮਰੋ ਫੌਜਮੇ ਦਵਾਈ ਸੁਖ
ਦਾਈ ਸਭ ਭਾਂਟਿਕੇ। ਬਿਸ਼ਨਦਾਸ ਕਹੇ ਦਰੋ

ਭਲੇਕੀ ਬਤਾਊਂ ਪਿਆਰੇ ਐਸੋ ਅਵਕਾਸ਼ ਹਾਥੇ ਜਾਓਨਾਂ ਗਵਾਇਕੇ ॥ ੧੭ ॥ ਦੇਖੋ ਜਸਵੰਤ-ਜਸੋ ਭੂਖਨ ਗ੍ੰਥ ਛਪਾ ਜੋਧਪੁਰਕਾ ਪੰਤ੍ਾਂਕ ੩੫੨ ਅੰਗ੍ਰੇਜੋਂਕਾ ਕੈਸਾ ਪ੍ਰਭਾਵਹੈ। ਸੰਮਤ ੧੯੧੪ ਬਿਕ੍ਰਮਕਾਰਚਾ ਕਬਿਤ। ਤੋ ਲੋ ਮਦਮੰਤ ਭਿਓ ਕੁੰਚਰ ਕਲੋਲ ਕਰੌ ਜੋਲੌ ਬਨਰਾਜ ਗਾਜ ਸਬਦ ਸੁਨਾਏਨਾ। ਤੌਲੌ ਦਿਨ ਦੈਕ ਲਾਗ ਲੂ ਬੇਂਕੀ ਲਪਟ ਚਲੌ ਜੌਲੌਨਭ ਉਮਡ ਘੁਮਡ ਘਨ ਆਏ ਨਾਂ। ਭਨਤ ਮੁਰਾਰ ਤੌਲੋ ਹਿਮਕੇ ਪਹਾਰਥਿਰ ਜੌਲੌ ਮਾਰਤੰਡ ਚੜ ਕਿਰਨ ਸਤਾਏਨਾਂ। ਤੌਲੋ ਦਿਲ ਹਿਲ ਮਿਲ ਮੁਗਲ ਮਜਾਜ ਕਰੌ ਜੋਲੌਚੜ ਜੰਗਕੌ ਫਰੰਗ ਦਲ ਆਏਨਾਂ ॥ ੧ ॥ ਕਬਿਤ ॥ ਸਾਹੂਕਾਰ ਭੇਧਠਾਡ ਰਾਜ ਅੰਗ੍ਰੇਜੀ ਮਾਂਹਿ ਦੇਸ ਔ ਬਿਦੇਸੋਂ ਮਾਲ ਆਇ ਚਲਾ ਧਾਂਮਮੇਂ। ਭਏ ਮਜਦੂਰ ਭਰਪੂਰ ਔਰ ਕਾਰੀਗਰ ਕ੍ਰਿਖੀਕੇ ਕਾਰਕ ਕ੍ਰਿਸਾਂਨ ਬਹੁ ਅਰਾਮਮੇਂ। ਡਾਕਦ੍ਾਰਾ ਏਕਪੈਸੇ ਮਾਂਹਿ ਸੁਧਆਵਤ ਹੈ ਤਾਰਆਇ ਤੜਾਕ ਖ਼ੁਦ ਬੈਠੇ ਸ੍ਵੈ ਗ੍ਾਂਮਮੇਂ। ਸਾਗ੍ਰਰਮੇਂ ਜਲਯਾਂਨ ਨਭਮੈਂ ਬਜ਼ੇਮਯਾਨ ਰਾਜ ਅੰਗ੍ਰੇਜੀ ਸੁਖਦਾਈ ਆਠੋ ਜਾਂਮਮੇਂ ॥ ੧੮ ॥

ਨਾਰ ਨਰ ਹੂੰਕੋਹੇ ਅਰਾਮ ਦੀਨੋ ਏਕਸਾਂਨ ਹਰ ਹਟ ਲੋਹੇਕੇ ਔ ਲੋਹੇਕੀ ਘੁਲਾੜੀਆਂ। ਆਟਾ ਪੀਸਨੇਕੋ ਆਏ ਅੰਜਨ ਹੈਂ ਜਾਇ ਜਾਇ ਸੁਖ ਸੋ ਸੋਵਤ ਤ੍ਰਿਆ ਅੱਖਾਂਨੋ ਉਘਾੜੀਆਂ। ਪਿਸਨ ਹਾਰੀਆਂਭੀ ਹਾਥ ਚੱਕੀਕੋ ਲਗਾਵਤੀਨਾਂ ਸੁਖ ਸੋ ਖਿਤਾਂਇਦਿਨ ਤਕੜੀਕੋ ਮਾੜੀਆਂ। ਸੇਵਾ ਸਰ ਕਾਰਸੇ ਜੋਫੇਰ ਮੁਖ ਫੇਰਲੇਵੇ ਧਿਕ ਧਿਕ ਧਿਕ ਧਿਕ ਅਕਲਾਂ ਬੁਆੜੀਆਂ॥ ੧੯॥ ਦੋਹਰਾ॥ ਸੁਖਦ ਸਰਕਾਰੀ ਨੌਕਰੀ ਔਰ ਨੌਕਰੀ ਤਯਾਗ ਬਿਸ਼ਨਦਾਸ ਕਹਿਣਾ ਕਰੋ ਜੇਹੈਂ ਮਾਥੇ ਭਾਗ॥ ੨੦॥ ਕੋਰੜਾਛੰਦ॥ ਸੁਨੋ ਨੌਜੁਆਨੋ ਬੇਨਤੀ ਹਮਾਰੀਕੋ। ਸੁਖ ਹੋਵੇ ਘਨਾ ਜ਼ਿੰਦਗੀ ਤੁਮਾਰੀ ਕੋ। ਰੰਦ ਰੁਟੀਸਾਹਿਬ ਜੋਦੇਂਦੇਆਮਦਾਂ। ਥੁਆੜੇ ਹੀਭਲੇਦੀ ਬਾਤਹੈ ਸੁਣਾਮਦਾ। ਨੌਕਰ ਸਰਕਾ ਰੀ ਹੋਕੇ ਸੁਖਪਾਵਣਾ। ਚਿੰਤਾਕੋ ਤਿਆਗ ਖਾ ਵਣਾ ਹੰਢਾਵਣਾ। ਘਰਾਂਵਿਚ ਨਿਤ ਪਿਟਪਿਟ ਮਰਦੇ। ਫੇਰਭੀਨਾਂਜ਼ਰਾਖੁਸਹੋਣ ਘਰਦੇ। ਚਾੜ ਸਿਰ ਟੁਪੇ ਜਾ ਹੈਂ ਬਿਵਾਹ ਕਰਾਮਦੇ। ਕੰਮਕਰ ਨਿਤ ਮੇਹਣੇ ਸੁਣਾਮਦੇ। ਸਾਹੂਕਾਰਦਾ ਰੁਪੱਯਾ ਤੇਰੇ ਸਿਰਹੈ। ਕਰੇਂ ਕਿਓਂਨਾਂ ਕਾਰ ਬ੍ਰਿਥਾਕਾਹੇ

ਫਿਰਹੈ। ਆਖਰ ਜਮੀਨ ਜੇਹੜੀ ਤੇਰੇ ਪਾਸਥੀ
ਲੀਨੀ ਸਾਹੂਕਾਰ ਜਿਹਦੀ ਬੜੀ ਆਸਥੀ। ਆ
ਈ ਘਰ ਬਹੂ ਧੀਆਂ ਪੁਤ ਹੋਏਹੈਂ। ਖਾਣ ਪੀਣ
ਖਾਤਰ ਹਮੇਸ਼ ਰੋਏਹੈਂ। ਸਾਕਸਨਬੰਧੀਹੈਂ ਹਮੇਸ਼
ਆਂਮਦੇ। ਦੇਣੀਹੈ ਮਕਾਣ ਖਿਚਕੇ ਲੈਜਾਮਦੇ।
ਚੋਬਰਜੋ ਮੇਲਿਆਂ ਪਰ ਹੈਨ ਜਾਮਦੇ। ਪੀਮਦੇ
ਸ਼ਰਾਬ ਜਾਇ ਸੋਟੇ ਖਾਮਦੇ। ਜੇਕਰ ਤੂੰ ਨੌਕਰ
ਸਰਕਾਰੀ ਹੋਇਗਾ। ਆਪਣੀ ਉਮਰਨਾਂਅਕਾਜ
ਖੋਇਗਾ। ਫੌਜਮੇਂ ਜਾ ਹੁਨਰ ਅਨੇਕ ਸਿਖਣਾ।
ਕਰਨੀ ਕੁਵੈਦ ਪੜਨਾ ਔਲਿਖਣਾ॥ ੨੧ ॥
ਦੋਹਿਰਾ। ਛੁਟੀਪਰ ਘਰ ਆਵਣਾ ਪੋਸਸ ਪਹਿਰ
ਨਵੀਨ। ਕੀਰੋਂ ਹੋਇ ਸਦਾਰਤੂੰ ਦੀਖੇ ਬਹੁਤ
ਸ਼ੌਕੀਨ। ੨੨॥ ਕੋਰੜਾਛੰਦ॥ ਪਹਿਲਾਂ ਤੇਨਾਂ
ਸਾਕ ਮੂਲਨੂੰ ਥਿਆਮਦਾ। ਪੁੰਨਦਾਹੀ ਨਾਤਾਫੇਰ
ਝਟ ਆਮਦਾ। ਕਈ ਹਵਾਲਦਾਰ ਜਮਾਂਦਾਰ
ਹੋਏਹੈਂ। ਘਰਦੀ ਸਕੀਮੀ ਸਗਰੀਹੀ ਖੋਏਹੈਂ।
ਪਹਿਲੇ ਪੰਜਾਹ ਰੁਪੈਯੇ ਹੈਂ ਇਨਾਮਦੇ। ਲੇਵੋ
ਹੱਥੋ ਹੱਥੀ ਦੇਰਨਾਂ ਲਗਾਮਦੇ। ਖਾਓ ਔ ਹੰਢਾਓ
ਮੌਜ ਨਾਲ ਪਿਆਰਿਓ। ਮੇਰਾ ਯੇਹ ਕਥਨ ਮਨੋ
ਨਾਂ ਬਿਸਾਰਿਓ। ਜੋ ਮਯਾ ਸੰਸਾਰ ਸੋ ਜਰੂਰ ਮਰੂ

ਗਾ। ਸੇਵਾ ਸਰਕਾਰਕੀ ਕਰੂ ਸੌਤਰੂਗਾ। ਮਹੀਨੇ ਦਰ ਮਹੀਨੇ ਤਨਖੁਆਹ ਆਊਗੀ। ਨੰਗ ਔਰ ਭੁਖ ਸਗਰੀ ਗਵਾਊਗੀ। ਪੈਸਾ ਹੋਇ ਪਾਸ ਰਬ ਹੇਤ ਲਾਈਏ। ਪੈਸਾ ਹੋਇ ਪਾਸ ਖਾਈਏ ਹੰਢਾਈਏ। ਪੈਸਾ ਹੋਇਤਾਂ ਸੇਵਾਬਣੇ ਮਾਈ ਬਾਪਦੀ ਪੈਸਾ ਹੋਇਤਾਂ ਗੁਰੂਕੀ ਟਹਿਲ ਜਾਪਦੀ। ਪੈਸੇ ਬਿਨਾ ਕੋਈ ਮੁਖਨਾ ਲਗਾਮਦਾ। ਪੈਸੇ ਬਿਨਾ ਪ੍ਰਾਣੀ ਬੈਠਾਹੀ ਤਕਾਮਦਾ। ਨੌਕਰੀ ਸਰਕਾਰੀ ਕਰੋ ਡਰ ਤਜਾਗਕੇ। ਸੁਤੇ ਕਿਉਂ ਪਏਹੋ ਅਖਾਂ ਖੋਲ੍ਹੋ ਜਾਗਕੇ। ਬ੍ਰਿਟਸ ਸਰਕਾਰ ਕੀਹੈ ਜੀਤ ਹੋਮਣੀ। ਦੁਸਮਨਾਂਨੇ ਆਪਣੀ ਪ੍ਰਤੀਤਖੋਮਣੀ ॥ ੨੨ ॥ ਦੋਹਿਰਾ ॥ ਕਰੋ ਸਰਕਾਰੀ ਨੌਕਰੀਜੋ ਫਿਰਕੇ ਸੰਸਾਰ। ਬਿਸ਼ਨੁਦਾਸ਼ ਕਿਆ ਲੇਵਣਾ ਤੁਮ ਫਿਰਕੇ ਸੰਸਾਰ ॥ ੨੩ ॥ ਪੁਨਹ :—

ਰੰਗਰੂਟੋਂਕੀ ਭਰਤੀ ਹਿਤ ਉਪਦੇਸ਼ ਗ਼ਜ਼ਲ।

ਸੁਨੀਓ ਪੰਜਾਬੀ ਜ੍ਵਾਨੋ ਮਾਨੋ ਯੇਹ ਸੀਖ ਮੇਰੀ ਬ੍ਰਿਟਸ ਸਰਕਾਰਕੀ ਜੈ ਬੋਲੋਨਾ ਲਾਓ ਦੇਰੀ। ੧ ਬਿਸ੍ਰਾਮ। ਜਿਸਨੇ ਤੁਮਾਰੇ ਸੁਖ ਹਿਤ ਦੂਭ ਰੇਲਹੈ ਚਲਾਈ। ਬਿਨ ਦਾਮ ਦੁਖ ਨਿਵਾਰਣ ਹਿਤ ਤੈਯਾਰਹੈ ਦਵਾਈ। ਨਹਿਰੇਂ ਮੌਜੂਦ ਦੇਖੋ

ਬਿਸਮ ਕਰੋ ਸੰਚਾਈ। ਸੜਕੋਂ ਸਫਾ ਨਿਹਾਰੋ ਦੁਖ ਰੰਚਨਹਿ ਲੋਹੇਰੀ। ਸੁਨੀਓ ਪੰਜਾਬੀ ਜੂਾਨੋ ਮਾਨੋ ਯੇਹ ਸੀਖ ਮੇਰੀ। ਫਿਰਕੇ ਅਨੇਕ ਦੇਖੇ ਸੈ ਸੈ ਕਰੇਂ ਬਡਾਈ। ਬ੍ਰਿਟਸ਼ ਸਰਕਾਰ ਸਾਚੀ ਕਹਿਸੋਂ ਨ ਦ੍ਵੈਸ ਰਾਈ। ਚਾਹੋ ਭਲਾ ਜੋਅਪਨਾ ਤਾਂਸੋਂ ਕਰੋ ਭਲਾਈ। ਹੋਯਾ ਪ੍ਰਕਾਸ਼ ਦਹਿਦਿਸ ਨਾਸੀਹੈ ਅਬ ਅੰਧੇਰੀ। ਸੁਨੀਓ ਪੰਜਾਬੀ ਜੂਾਨੋ ਮਾਨੋ ਯੇਹ ਸੀਖ ਮੇਰੀ॥ ੨॥ ਯੂਰਪਮੇਂ ਜੰਗ ਛਿੜਿਓ ਜਰਮਨ ਅੜਾ ਅਗਾੜੀ। ਬ੍ਰਿਟਸ਼ ਸਰਕਾਰ ਸਾਚੀ ਚਾਹਿਤਹੈ ਤਹਿ ਲਤਾੜੀ। ਰੰਗਰੂਟ ਭਰਤੀ ਹੋਵੋ ਤਿਆਗੋ ਸਲਾਹ ਮਾੜੀ ਸੀਖੋ ਕੁਵੈਦ ਖੁਸਹੋ ਸੁਖਦਾਇ ਜੋਇ ਤੇਰੀ। ਸੁਨੀਓ ਪੰਜਾਬੀ ਜੂਾਨੋ ਮਾਨੋ ਯੇਹ ਸੀਖ ਮੇਰੀ ॥੩॥ ਤੇ ਜੁ ਸਿੰਘਸਭੀਏ ਕਰਦੇਂ ਕਮਰ ਸਜਾਏ। ਹਾਥੋਂ ਮੇਂ ਹੈਂ ਸਫਾਜੰਗ ਪੁਨ ਤੀਰਭੀ ਬਨਾਏ। ਸੇਵਾ ਸਰਕਾਰਕੀ ਹੋਇ ਤਬਤੋ ਭਲੇ ਸਦਾਏ। ਨਾਤਰ ਅਕਾਂਜ ਜਾਨੋ ਕਾਂਧੇਪੈ ਬੋਝ ਗੇਰੀ। ਸੁਨੀਓ ਪੰਜਾਬੀ ਜਾਨੋ ਮਾਨੋ ਯੇਹ ਸੀਖ ਮੇਰੀ। ੪॥ ਜੋਹੈਂ ਨਿਹੰਗ ਸਿੰਘ ਜਗ ਸਸਤ੍ਰੋਂ ਸੇ ਪਜਾਰ ਜਿਨਕੇ। ਫੌਜੋਂ ਮੇਂ ਭਰਤੀ ਹੋਵੋ ਮੌਕਾ ਭਲਾ ਹੈ

ਤਿਨਕੋ। ਨਾਂਗੇ ਅਨੇਕ ਸਾਧੂ ਕਰਹੋਂ ਸੁਮਾਰ ਕਿਨਕੋ। ਤਜ਼ਾਗੋ ਹਰਾਮਖੋਰੀ ਅਬਲੋ ਕਰੀ ਬਹੁਤੇਰੀ। ਸੁਨੀਓ ਪੰਜਾਬੀ ਜ੍ਹਨੋ ਮਾਨੋ ਏਹ ਸੀਖ ਮੇਰੀ॥ ੫ ॥ ਆਰਯ, ਇਸਾਈ, ਜੈਨੀ, ਬ੍ਰਹਮੂ, ਮੁਸਲਮਾ, ਜੋਈ। ਪਖਪਾਤਕੋ ਮਿਟਾ ਕਰ ਰੰਗਰੂਟ ਹੋਇ ਸੋਈ। ਗਹਿਰਗੰਭੀਰੀਏ ਭੀ ਫਿਰਕੇ ਹੋਇ ਔਰ ਕੋਈ। ਬਿਸ਼ਨਦਾਸ ਲ੍ਹਾ ਖਤੇਹੈਂ ਧਰਮਯੁੱਧਕੀਹੈ ਬੇਰੀ। ਸੁਨੀਓਪੰਜਾਬੀ ਜ੍ਹਨੋ ਮਾਨੋ ਏਹ ਸੀਖ ਮੇਰੀ॥ ੬ ॥ ੨੪ ॥

ਯੂਰਪ ਯੁਧਮੇਂ ਸ਼ਹਿਨਸ਼ਾਹ ਮੁਅਜ਼ਮ ਜਾਰਜ ਪੰਚਮਕੀ ਜੈਹੇਤ ਲਾਵਨੀ ਦੁਆ।

ਬ੍ਰਿਟਸ਼ ਸਾਚੀ ਸਰਕਾਰ ਸਭਨ ਸੁਖਦਾਈ। ਰਈਯਤ ਰਖਿਆਹਿਤ ਜਤਨ ਕਰਤ ਅਧਕਾਈ॥ ਬਿਸ੍ਰਾਮ॥ ਪੁਰ ਪੁਰਮੇਂ ਦੀਨੇ ਖੋਲ ਸੁਖਦ ਬਿਦਿਆਲੇ। ਮਨਮਤ ਗਫਲਤਕੋ ਤਜ਼ਾਗ ਕੋਈ ਬਿਦਯਾਲੇ। ਬਿਰ ਰੇਲ ਬਿਗਾਰ ਸ੍ਰਮ ਪਥਕ ਚਲਤ ਹਿਤ ਨਾਲੇ। ਨਹਿਰੇਂ ਨਿਕਾਸ ਦੀਨੋਹੈ ਦੁਕਾਲ ਨਿਕਾਲੇ। ਜਹਿਤਹਿ ਡਾਕਟਰ ਸਾਹਿਬ ਹੈ ਹੇਤ ਦਵਾਈ। ਬ੍ਰਿਟਸ਼ ਸਾਚੀ ਸਰਕਾਰ ਸਭਨ ਸੁਖਦਾਈ॥ ੧ ॥ ਹਮ

ਰੋਜੋ ਹਿੰਦੁਸਤਾਨੀ ਔਰ ਪੰਜਾਬੀ। ਨਹਿਪਾਵਤ
ਕਦਰ ਅਜਾਨ ਕਰਤ ਹੈਂ ਖਰਾਬੀ। ਮਾਨਤਹੈਂ
ਭੈਰੋ ਭੂਤ ਸੀਤਲਾਭਾਬੀ। ਤੰਤ੍ਰ ਮੰਤ੍ਰਮੇਂ ਭ੍ਰਮਤ
ਸ੍ਰਮਤ ਬੇਤਾਬੀ। ਮ੍ਰਿਤਕਨ ਹਿਤ ਨਿਤ ਪ੍ਰਤਿ
ਕਰ ਰਹੇ ਨਾਕ ਘਸਾਈ। ਬ੍ਰਿਟਸ਼ ਸ਼ਾਹੀ ਸਰ
ਕਾਰ ਸਭਨ ਸੁਖਦਾਈ॥ ੨ ॥ ਅਬ ਜਾਰਜ
ਪੰਚਮ ਮਹਾਰਾਜ ਬਲਵਾਨਾ। ਮੈਰੀ ਸਾਹਿਬਾ
ਰਈਯਤ ਰਖਵ ਪ੍ਰਣ ਠਾਨਾ। ਯੂਰਪਮੇਂ ਜਰ-
ਮਨ ਦਮਨ ਹੇਤ ਘਮਸਾਨਾਂ। ਕਰਪ੍ਰੇਮ ਅਧਕ
ਕਰੋ ਤਨ, ਮਨ, ਧਨ ਕੁਰਬਾਨਾ। ਇੰਗਲੈਂਡ
ਰਾਜ ਪ੍ਰਤਾਪ ਸੰਪਦਾ ਪਾਈ। ਬ੍ਰਿਟਸ਼ ਸ਼ਾਹੀ
ਸਰਕਾਰ ਸਭਨਸੁਖਦਾਈ॥ ੩ ॥ ਸ੍ਰੀ ਸਤਿਗੁਰੁ
ਜ਼ਾਹਿਰ ਜ਼ਹੂਰ ਅਰਜ ਯੇਹ ਮੇਰੀ। ਬ੍ਰਿਟਸ਼
ਸਰਕਾਰਕੀ ਜੀਤ ਹੋਇ ਇਸ ਬੇਰੀ। ਹਾਸ਼ਦ
ਹਰਾਮ ਈਰਖਾਲਨਕੀ ਹੋਇ ਢੇਰੀ। ਜ਼ਿਨ
ਤਜਾਗਤ ਧਰਮਨੁਸਾਫ ਨਲਾਈ ਦੇਰੀ। ਕਹਿ
ਬਿਸ਼ਨਦਾਸ ਉਰਜੋਹ ਜੋਮਨ ਆਈ। ਬ੍ਰਿਟਸ਼
ਸਾਹੀ ਸਰਕਾਰ ਸਭਨ ਸੁਖਦਾਈ॥ ੪ ॥
ਦੋਹਰਾ। ਰਾਜ ਯੁਗਨਮੈਂ ਸੁਖਦ ਨਾ ਦੇਖਿਓ
ਕੋਊ ਰਾਜ। ਬਿਸ਼ਨੁਦਾਸ ਜਿਸ ਭਾਂਤਹੈ ਯੇਹ

ਬ੍ਰਿਟਸ਼ ਮਹਾਰਾਜ ॥ ੨੫ ॥ ਇਤਿ ਸ਼੍ਰੀ ਅੰਗ੍ਰੇਜ਼ੀ ਰਾਜ ਮਹਿਮਾ ਸ਼੍ਰੀਗਹਿਰਗੰਭੀਰ ਮਤਕੇ ਸ੍ਵਾਮੀ ਸ਼੍ਰੀਸ੍ਵਾਮੀ ਬਿਸ਼ਨੁਦਾਸ ਜਤੀ ਕ੍ਰਿਤ ਸਮਾਪਤੰ ।

ਵਿਗਯਾਪਨ

ਗੰਭੀਰਾਤਮਾ ਸੱਜਨੋ ! ਸ਼੍ਰੀਗਹਿਰਗੰਭੀਰ ਮਤ ਸ਼੍ਰੀਗੁਰੂ ਗ੍ਰੰਥਸਾਹਿਬਕੇ ਸੱਚੇ ਉਪਦੇਸ਼ ਕਾ ਪ੍ਰ-ਚਾਰ ਕਰਨੇਕੇ ਵਾਸਤੇ ਪ੍ਰਗਟ ਕੀਆਹੈ ਬਹੁਤ ਸੇ ਸਿਖ ਵਸਾਧੂ ਐਸੇਹੈਂ ਜੋਦੁਨੀਆਂਕੋ ਧੋਖਾਦੇ ਰਹੇਹੈਂ ਕਹਿਤੇਹੈਂ ਕਿਹਮ ਸ਼੍ਰੀਗੁਰੂਗ੍ਰੰਥਸਾਹਿਬ ਕੋਮਾਨਤੇਹੈਂ ਸ਼੍ਰੀਗੁਰੂਗ੍ਰੰਥਸਾਹਿਬ ਉਪਦੇਸ਼ਦੇਤਾ ਹੈ ਜਿਉਂਦੇ ਗੁਰੂਕੋ ਮਿਲਕਰ ਮੁਕਤੀਕੋ ਪਾਓ ਵੋਹ ਜੀਵਤ ਗੁਰੂਕੋਨਹੀਂ ਮਿਲਤੇ ਸ਼੍ਰੀਗੁਰੂਗ੍ਰੰਥ ਸਾਹਿਬਕੋਹੀ ਗੁਰੂ ਮਾਨ ਰਹੇਹੈਂ ਯੇਹ ਉਨਕੀ ਭੂਲਹੈ ਔਰ ਕੁਹਠਹੈ ਇਸ ਲਿਏ ਵੋਹ ਗੁਰੁ-ਬਾਨੀਸੇ ਉਲਟੇ ਚਲ ਰਹੇਹੈਂ । ਜਿਸ ਸਖਸ਼ਕੋ ਦਸਹੀ ਗੁਰੂਓਂਕਾ ਅਸਲੀ ਭਾਵ ਔਰ ਸ਼੍ਰੀਗੁਰੂ ਗ੍ਰੰਥ ਸਾਹਿਬਕੀ ਆਗਿਆ ਮਾਨਨੀਹੈ ਸੋ ਸ਼੍ਰੀ ਗਹਿਰਗੰਭੀਰਮਤਕੇ ਗ੍ਰੰਥੋਂਕੋ ਪੜ੍ਹੇ ਔਰ ਸੁਨੇ ।



ਸ਼੍ਰੀ ਗਹਿਰ ਗੰਭੀਰ ਮਤਕੇ ਗ੍ਰੰਥ ।।-

ਨਾਮ ਗ੍ਰੰਥ ਸਸਤ੍ਰੀਮੇਂ ਛਪੇ — ਕੀਮਤ

ਸ਼੍ਰੀਗਹਿਰਗੰਭੀਰ ਸੁਖਾਗਰ ਚਾਰੋ ਭਾਗ — ੫॥)

ਸ਼੍ਰੀਬ੍ਰਹਮਬੋਧ ਬਦਾਂਤ — ॥)

ਮੂਰਖ ਸਤਕ—ਨਿੰਦਕਨਾਮਾ — ।)॥

ਦ੍ਵਾਦਸਗੀਤ੍ਰੀ — ॥)

ਬਾਲੋਪਦੇਸ਼ ਬੜਾ —)॥ ਛੋਟਾ ਰੋਪੜਛਪਾ)॥

ਗੁਰਮੁਖੀਮੇ ਰੋਪੜਕੇ ਛਪੇ ਪੁਸਤਕ

ਸ਼੍ਰੀਗੁਰੂ ਨਾਨਕ ਬੰਸ਼ਾਵਲੀ — ॥=)

ਗਹਿਰਗੰਭੀਰ ਮਤ ਪ੍ਰਕਾਸ਼ — ॥=)

ਆਤਮਬੋਧਨੀ ਪੈਂਤੀਸਅਖਰੀ ਸਟੀਕ — ॥)

ਭੱਦ੍ਰ ਪਾਠਬਿਧੀ ਸ਼੍ਰੀਗੁਰੂਗ੍ਰੰਥਸਾਹਿਬ — ।)

ਦੁਸਟਚੋਂ ਕੜੀ ਪ੍ਰਹਾਰ — =)

ਕੱਛਾਂਵਾਲਿਆਂਕੀ ਕਰਤੂਤ — —)

ਬਿਬਾਹ ਉਤਸਵ ਗੀਤ — —)

ਫੋਟੋਗ੍ਰਾਫੀ ਟੀਚਰ ਹਾਰਮੋਨੀ ਟੀਚਰ — ॥)

ਪੱਤਲ ਸਿਵਰਾਮ,)। ਹੁਕੇਨਾਮਾ)॥

ਹੋਲੀ ਭਰਥੀਨਾਮਾ)॥ ਬਾਰਾਮਾਸਾ ਪਃ)॥

[illegible] ਸਾਤੇ ਗ੍ਰੰਥ ਮਿਲਨੇਕਾ ਪਤਾ ਃ—

ਮੈਨੇਜਰ ਸ਼੍ਰੀਗਹਿਰਗੰਭੀਰਪ੍ਰੇਸ ਰੋਪੜ ਪੰਜਾਬ